

ਕੰਗ ਯਾਦਗਾਰੀ ਸੰਸਥਾ ਬਸੀ ਗੁੱਜਰਾਂ ਵਿਖੇ ਨਿਰਦੇਸ਼ਕ ਨਾਲ ਰੂਬਰੂ ਦੌਰਾਨ ਬੈਠੇ ਵਿਦਿਆਰਥੀ।

*ਤਸਵੀਰ: ਜਗਮੋਹਣ ਸਿੰਘ ਨਾਰੰਗ*

# ਲਾਹੌਰ ਪਾਕਿਸਤਾਨ ਯਾਤਰਾ ਤੋਂ ਪਰਤੇ ਸੰਸਥਾਵਾਂ ਦੇ ਨਿਰਦੇਸ਼ਕ ਨਾਲ ਰੂ-ਬਰੂ

ਸ੍ਰੀ ਚਮਕੌਰ ਸਾਹਿਬ, 15 ਦਸੰਬਰ (ਜਗਮੋਹਣ ਸਿੰਘ ਨਾਰੰਗ)-'ਲਾਹੌਰ (ਪਾਕਿਸਤਾਨ) ਦਾ ਵੱਡਾ ਅਤੇ ਵਿਰਾਸਤੀ ਸ਼ਹਿਰ ਹੈ, ਜਿਸ ਵਿਚ ਮੁਗ਼ਲ ਹਾਕਮਾਂ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਹੋਰ ਸਿੱਖ ਸ਼ਹੀਦਾਂ ਦੀਆਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਅਤੇ ਅਨੇਕ ਦਾਨਸ਼ਮੰਦਾਂ ਦੀਆਂ ਯਾਦਾਂ ਹਨ।" ਇਹ ਜਾਣਕਾਰੀ ਗੁਰਦੇਵ ਸਿੰਘ ਕੰਗ ਯਾਦਗਾਰੀ ਸਿੱਖਿਆ ਸੰਸਥਾਵਾਂ ਬਸੀ ਗੁੱਜਰਾਂ ਦੇ ਨਿਰਦੇਸ਼ਕ ਸਵਰਨ ਸਿੰਘ ਭੰਗੂ ਨੇ, ਲਾਹੌਰ ਦੀ ਯਾਤਰਾ ਤੋਂ ਪਰਤਣ ਉਪਰੰਤ, ਸਟਾਫ਼ ਅਤੇ ਵਿਦਿਆਰਥੀਆਂ ਨੂੰ, ਇੱਕ ਵਿਸ਼ੇਸ਼ ਇਕੱਤਰਤਾ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਸਿੱਖ-ਵਿਰਾਸਤ ਦੇ ਸ਼ਹੀਦਾਂ ਵਿਚ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਅਤੇ ਭਾਈ ਤਾਰੂ ਸਿੰਘ ਨੂੰ, ਖੋਪੜੀ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਇਹ ਸਭ ਲਾਹੌਰ ਵਿਚ ਹੀ ਵਾਪਰਿਆ ਸੀ ਅਤੇ ਸਿੱਖ ਬੀਬੀਆਂ ਦੇ ਗਲ਼ਾਂ ਵਿਚ, ਉਨ੍ਹਾਂ ਦੇ ਬੱਚਿਆਂ ਦੇ ਟੋਟਿਆਂ ਦੇ ਹਾਰ ਪਾ ਕੇ, ਸਿੱਖ ਸਿਦਕ ਵੀ ਲਾਹੌਰ ਵਿਚ ਹੀ ਪਰਖਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਸਭ ਯਾਦਗਾਰਾਂ ਲਾਹੌਰ ਵਿਚ ਮੌਜੂਦ ਹਨ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਨਿਸ਼ਾਨੀਆਂ ਆਦਿ ਹਨ। ਸਵਾਲਾਂ ਦਾ ਜਵਾਬ ਦਿੰਦਿਆਂ ਦੱਸਿਆ ਕਿ ਲਹਿੰਦੇ ਪੰਜਾਬ ਦੇ ਲੋਕ ਬਹੁਤ ਹੀ ਮਿਲਣਸਾਰ ਹਨ। ਦੱਸਿਆ ਗਿਆ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀਆਂ ਬਗਲਗੀਰੀਆਂ ਵਿਚੋਂ, 1947 ਵਿਚ ਪੁਰਖਿਆਂ ਵਲੋਂ ਇੱਕ ਦੂਜੇ/ਪ੍ਰਤੀ ਕੀਤੇ ਬੱਜਰ ਗੁਨਾਹਾਂ ਦਾ ਪਛਤਾਵਾ ਹੁੰਦਾ ਹੈ। ਇਸ ਮੌਕੇ ਪ੍ਰਿੰਸੀਪਲ ਅਮਨਦੀਪ ਕੌਰ ਤੇ ਨਵਪ੍ਰੀਤ ਕੌਰ ਨੇ ਸੰਬੋਧਨ ਕੀਤਾ।

Scanned with CamScanner